بِسْمِ اللّٰهِ الرَّحْمٰنِ الرَّحِيْمِ نَحْمَدُهٗ وَنُصَلِّيْ عَلٰى رَسُوْلِهِ الْكَرِيْمِ وَعَلٰى عَبْدِهِ الْمَسِيْحِ الْمَوْعُوْدِ

لَا اِلٰهَ اِلَّا اللّٰهُ مُحَمَّدٌ رَّسُوْلُ اللّٰهِ

دفتر مجلس انصار اللہ بھارت

Office Of The Majlis Ansarullah Bharat

Mohallah Ahmadiyya Qadian-143516, Distt.Gurdaspur (Punjab) INDIA



Mob:9682536974, E-Mail.: ansarullah@qadian.in ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ)


# ਜੰਗੇ ਓਹਦ ਵਿੱਚ ਸ਼ਰਧਾਲੂਆਂ ਦੀਆਂ ਕੁਰਬਾਨੀਆਂ ਦਾ ਜ਼ਿਕਰ ਅਤੇ ਓਹਦ ਦੇ ਸ਼ਹੀਦਾਂ ਦੇ ਉੱਚ ਮੁਕਾਮ ਦਾ ਜ਼ਿਕਰ

ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁਲੱ ਮਸੀਹ ਅਲ-ਖਾਮਿਸ ਅੱਯਾਦਹੁੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 12 ਅਪ੍ਰੈਲ 2024 ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ

أَشْهَدُ أَنْ لَّا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ اَمَّا بَعْدُ فَاَعُوْذُ بِاللّٰهِ مِنَ الشَّيْطٰنِ الرَّجِيْمِ. بِسْمِ اللّٰهِ الرَّحْمٰنِ الرَّحِيْمِ. اَلْحَمْدُ لِلّٰهِ رَبِّ الْعٰلَمِيْنَ. الرَّحْمٰنِ الرَّحِيْمِ. مٰلِكِ يَوْمِ الدِّيْنِ. اِيَّاكَ نَعْبُدُ وَ اِيَّاكَ نَسْتَعِيْنُ. اِهْدِنَا الصِّرَاطَ الْمُسْتَقِيْمَ. صِرَاطَ الَّذِيْنَ اَنْعَمْتَ عَلَيْهِمْ. غَيْرِ الْمَغْضُوْبِ عَلَيْهِمْ وَلَا الضَّآلِّيْنَ ●

ਤਸ਼ਹੁੱਦ, ਤਾਉਜ਼ ਅਤੇ ਸੂਰਤੁੱਲ ਫ਼ਾਤਿਹਾ ਦੀ ਤਿਲਾਵਤ ਦੇ ਬਾਦ ਹਜ਼ੂਰੇ ਅਨਵਰ ਨੇ ਫ਼ਰਮਾਇਆ :

ਰਮਜ਼ਾਨ ਤੋਂ ਪਹਿਲਾਂ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੀਆਂ ਜੰਗਾਂ ਦਾ ਜ਼ਿਕਰ ਹੋ ਰਿਹਾ ਸੀ। ਜਿਸ ਵਿੱਚ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੀ ਜੀਵਨੀ ਦਾ ਵੀ ਬਿਆਨ ਸੀ। ਅੱਜ ਵੀ ਮੈਂ ਇਸ ਸੰਬੰਧੀ ਕੁੱਝ ਬਿਆਨ ਕਰਾਂਗਾ।

ਸਾਖੀ ਵਿੱਚ ਆਉਂਦਾ ਹੈ ਕਿ ਹਜ਼ਰਤ ਸਾਅਦ ਬਿਨ ਮੁਆਜ਼ ਰਜ਼ੀ ਅੱਲਾਹ ਅੰਨਹੁ ਦੀ ਮਾਤਾ ਆਂਹਜ਼ੂਰ ਸੱਲਲਾਹੁ ਅਲੈਹਿ ਵਸੱਲਮ ਕੋਲ੍ਹ ਆਈਂ ਤਾਂ ਸਾਅਦ ਨੇ ਹਜ਼ੂਰ ਸੱਲਲਾਹੁ ਅਲੈਹਿ ਵਸੱਲਮ ਨੂੰ ਦੱਸਿਆ ਕਿ ਇਹ ਮੇਰੀ ਮਾਤਾ ਹਨ। ਆਪ ਸੱਲਲਾਹੁ ਅਲੈਹਿ ਵਸੱਲਮ ਉਸ ਸਮੇਂ ਘੋੜ੍ਹੇ ਉੱਤੇ ਸਵਾਰ ਸਨ। ਆਪ ਨੇ ਆਪਣਾ ਘੋੜ੍ਹਾ ਰੋਕਿਆ ਅਤੇ ਫ਼ਰਮਾਇਆ ਕਿ ਉਨ੍ਹਾਂ ਦਾ ਸਵਾਗਤ ਕਰੋ। ਉਹ ਨੇੜ੍ਹੇ ਆਈਂ ਅਤੇ ਹਜ਼ੂਰ ਸੱਲਲਾਹੁ ਅਲੈਹਿ ਵਸੱਲਮ ਨੂੰ ਵੇਖਣ ਲੱਗੀਂ। ਆਪ ਸੱਲਲਾਹੁ ਅਲੈਹਿ ਵਸੱਲਮ ਨੇ ਉਹਨਾਂ ਦੇ ਪੁੱਤਰ ਹਜ਼ਰਤ ਅਮਰ ਬਿਨ ਮੁਆਜ਼ ਰਜ਼ੀ ਅੱਲਾਹ ਅੰਨਹੁ ਦੀ ਸ਼ਹਾਦਤ ਉੱਤੇ ਅਫ਼ਸੋਸ ਪ੍ਰਕਟ ਕੀਤਾ ਤਾਂ ਉਹਨਾਂ ਨੇ ਕਿਹਾ ਕਿ ਜੱਦ ਆਪ ਨੂੰ ਸਹੀ ਸਲਾਮਤ ਵੇਖ ਲਿਆ ਤਾਂ ਮੇਰਾ ਦੁੱਖ ਤੇ ਮੁਸੀਬਤ ਸਭ ਖ਼ਤਮ ਹੋ ਗਿਆ। ਆਪ ਸੱਲਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ : ਤੁਹਾਨੂੰ ਖ਼ੁਸ਼ਖ਼ਬਰੀ ਹੋਵੇ ਅਤੇ ਬਾਕੀ ਸ਼ਹੀਦਾਂ ਦੇ ਪਿੱਛੇ ਰਹਿਣ ਵਾਲਿਆਂ ਨੂੰ ਵੀ ਇਹ ਖ਼ੁਸ਼ਖ਼ਬਰੀ ਦਿਓ ਕਿ ਇਹ ਸਾਰੇ ਸ਼ਹੀਦ ਹੋਣ ਵਾਲੇ ਸਵਰਗ ਵਿੱਚ ਇੱਕ ਦੂਜੇ ਦੇ ਸਾਥੀ ਹਨ ਅਤੇ ਸਭ ਨੇ ਆਪਣੇ ਆਪਣੇ ਘਰ ਵਾਲਿਆਂ ਲਈ ਵੀ ਰੱਬ ਕੋਲ੍ਹ ਸਫ਼ਾਰਸ਼ ਅਤੇ ਸ਼ਫ਼ਾਅਤ ਕੀਤੀ ਹੈ।

ਉੱਮੇ ਸਾਅਦ ਰਜ਼ੀ ਅੱਲਾਹ ਅੰਨਹਾ ਨੇ ਕਿਹਾ ਕਿ ਅਸੀਂ ਸਾਰੇ ਰਾਜ਼ੀ ਹਾਂ ਅਤੇ ਇਸ ਖ਼ੁਸ਼ਖ਼ਬਰੀ ਦੇ ਬਾਦ ਭਲਾ ਕੌਣ ਉਹਨਾਂ ਉੱਤੇ ਰੋ ਸਕਦਾ ਹੈ। ਫ਼ਿਰ ਉਹਨਾਂ ਨੇ ਹਜ਼ੂਰ ਸੱਲਲਾਹੁ ਅਲੈਹਿ ਵਸੱਲਮ ਤੋਂ ਬਿਨਤੀ ਕੀਤੀ ਕਿ ਸਾਰੇ ਸ਼ਹੀਦਾਂ ਦੇ ਪਿੱਛੇ ਰਹਿਣ ਵਾਲਿਆਂ ਲਈ ਦੁਆ ਕਰਨ। ਸੋ, ਹਜ਼ੂਰ ਸੱਲਲਾਹੁ ਅਲੈਹਿ ਵਸੱਲਮ ਨੇ ਦੁਆ

ਕੀਤੀ ਕਿ ਹੇ ਰੱਬ ! ਉਹਨਾਂ ਦੇ ਦਿਲਾਂ ਵਿੱਚੋਂ ਦੁੱਖ ਤੇ ਗ਼ਮ ਨੂੰ ਮਿਟਾ ਦੇ। ਉਹਨਾਂ ਦੀਆਂ ਮੁਸੀਬਤਾਂ ਦੂਰ ਕਰਦੇ ਅਤੇ ਸ਼ਹੀਦਾਂ ਦੀ ਥਾਂ ਲੈਣ ਵਾਲਿਆਂ ਨੂੰ ਉਹਨਾਂ ਦਾ ਚੰਗਾ ਉੱਤਰ ਅਧਿਕਾਰੀ ਬਣਾ ਦੇ।

ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੁ ਮਦੀਨਾ ਵਾਲਿਆਂ ਦੀ ਇਸ ਕੁਰਬਾਨੀ ਦਾ ਜ਼ਿਕਰ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਹੁਣ ਵੇਖੋ ! ਕਿ ਉਹ ਔਰਤ ਜਿਸ ਦਾ ਬੁਢਾਪੇ ਦਾ ਸਹਾਰਾ ਟੁੱਟ ਗਿਆ ਸੀ। ਕਿਵੇਂ ਬਹਾਦਰੀ ਨਾਲ ਕਹਿੰਦੀ ਹੈ ਕਿ ਮੇਰੇ ਬੇਟੇ ਦੀ ਮੌਤ ਦੇ ਦੁੱਖ ਨੇ ਮੈਨੂੰ ਕੀ ਖਾਣਾ ਹੈ। ਜੱਦ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਜ਼ਿੰਦਾ ਹਨ ਤਾਂ ਮੈਂ ਇਸ ਦੁੱਖ ਨੂੰ ਭੁੰਨ ਕੇ ਖਾ ਜਾਵਾਂਗੀ।

ਇੱਕ ਦੂਜੇ ਮੌਕੇ ਉੱਤੇ ਇਸੇ ਕਿੱਸੇ ਦਾ ਜ਼ਿਕਰ ਕਰਕੇ ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੁ ਨੇ ਫ਼ਰਮਾਇਆ ਕਿ ਹੇ ਅਨੰਸਾਰ ! ਮੇਰੀ ਜਾਨ ਤੇਰੇ ਉੱਤੇ ਕੁਰਬਾਨ ਹੋਵੇ। ਤੁਸੀਂ ਕਿੰਨ੍ਹਾਂ ਪੁੰਨ ਲੈ ਗਏ। ਇੰਝ ਹੀ ਸਹਾਬੀਆਤ ਰਜ਼ੀ ਅੱਲਾਹ ਅੰਨਹੁਮਾ ਦੀਆਂ ਕੁਰਬਾਨੀਆਂ ਸੰਬੰਧੀ ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੁ ਇੱਕ ਮੌਕੇ ਉੱਤੇ ਅਹਮਦੀ ਔਰਤਾਂ ਨੂੰ ਸੰਬੋਧਿਤ ਕਰਕੇ ਫ਼ਰਮਾਉਂਦੇ ਹਨ ਕਿ ਇਹੀ ਉਹ ਔਰਤਾਂ ਸਨ, ਜੋ ਇਸਲਾਮ ਦੇ ਪ੍ਰਚਾਰ ਅਤੇ ਪ੍ਰਸਾਰ ਵਿੱਚ ਮਰਦਾਂ ਦੇ ਨਾਲ ਨਾਲ ਤੁਰਦੀਆਂ ਸਨ ਅਤੇ ਇਹੀ ਉਹ ਔਰਤਾਂ ਸਨ, ਜਿੰਨ੍ਹਾਂ ਉੱਤੇ ਇਸਲਾਮੀ ਸੰਸਾਰ ਮਾਣ ਕਰਦਾ ਹੈ। ਤੁਹਾਡਾ ਵੀ ਦਾਅਵਾ ਹੈ ਕਿ ਤੁਸੀਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਉੱਤੇ ਈਮਾਨ ਲਿਆਏ ਹੋ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ, ਹਜ਼ਰਤ ਰਸੂਲੁੱਲਾਹ ਸੱਲਲਾਹੁ ਅਲੈਹਿ ਵਸੱਲਮ ਦੇ ਪਰਤੋਹ ਹਨ। ਸੋ, ਦੂਜੇ ਸ਼ਬਦਾਂ ਵਿੱਚ ਤੁਸੀਂ ਸਹਾਬੀਆਤ ਦੀ ਪਰਤੋਹ ਹੋ। ਪਰ ਤੁਸੀਂ ਸਹੀ ਤੌਰ ਉੱਤੇ ਦੱਸੋ ਕਿ ਕੀ ਤੁਹਾਡੇ ਅੰਦਰ ਦੀਨ ਦੀ ਸੇਵਾ ਦਾ ਉਹੀ ਜਜ਼ਬਾ ਮੌਜੂਦ ਹੈ। ਜੋ ਸਹਾਬੀਆਤ ਵਿੱਚ ਸੀ ?

ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਕੁੱਝ ਕਿੱਸਿਆਂ ਦਾ ਪਹਿਲਾਂ ਜ਼ਿਕਰ ਹੋ ਚੁੱਕਿਆ ਹੈ। ਜਿਵੇਂ ਇਹ ਕਿੱਸਾ, ਇਸ ਦਾ ਵੀ ਪਹਿਲਾਂ ਜ਼ਿਕਰ ਹੋ ਚੁੱਕਿਆ ਹੈ। ਪਰ ਇਹ ਅਜਿਹੇ ਕਿਸੇ ਹਨ ਕਿ ਜੋ ਵਾਰ ਵਾਰ ਅਤੇ ਵੱਖੋ ਵੱਖ ਅੰਦਾਜ਼ ਵਿੱਚ ਸੁਣ ਕੇ ਇੱਕ ਅਜੀਬ ਈਮਾਨ ਦੀ ਹਾਲਤ ਅਤੇ ਜੋਸ਼ ਪੈਦਾ ਹੁੰਦਾ ਹੈ। ਪਹਿਲੇ ਦੌਰ ਦੀਆਂ ਉਹਨਾਂ ਸਹਾਬੀਆਤ ਦਾ ਜ਼ਿਕਰ ਕਰਦੇ ਹੋਏ ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੁ ਇੱਕ ਥਾਂ ਫ਼ਰਮਾਉਂਦੇ ਹਨ ਕਿ ਈਸਾਈ ਦੁਨੀਆਂ ਮਰੀਅਮ ਮਗਦਲੀਨੀ ਅਤੇ ਉਸ ਦੀਆਂ ਸਾਥੀ ਔਰਤਾਂ ਦੀ ਇਸ ਬਹਾਦਰੀ ਉੱਤੇ ਖ਼ੁਸ਼ ਹੁੰਦੀਆਂ ਹਨ ਕਿ ਉਹ ਸਵੇਰ ਦੇ ਸਮੇਂ ਦੁਸ਼ਮਨ ਤੋਂ ਛੁੱਪ ਕੇ ਮਸੀਹ ਦੀ ਕਬਰ ਉੱਤੇ ਪਹੁੰਚੀ। ਪਰ ਮੈਂ ਉਹਨਾਂ ਨੂੰ ਕਹਿਣਾ ਕਿ ਆਓ ! ਅਤੇ ਮੇਰੇ ਪਿਆਰੇ ਸ਼ਰਧਾਲੂਆਂ ਅਤੇ ਕੁਰਬਾਨੀ ਕਰਨ ਵਾਲਿਆਂ ਨੂੰ ਵੇਖੋ ਕਿ ਕਿੰਨ੍ਹਾਂ ਹਾਲਾਤਾਂ ਵਿੱਚ ਉਹਨਾਂ ਨੇ ਉਸ ਦਾ ਸਾਥ ਦਿੱਤਾ ਅਤੇ ਕਿੰਨ੍ਹਾਂ ਹਾਲਾਤਾਂ ਵਿੱਚ ਉਹਨਾਂ ਨੇ ਇੱਕ ਈਸ਼ਵਰਵਾਦ ਦਾ ਝੰਡਾ ਉੱਚਾ ਕੀਤਾ।

ਜੱਦ ਰਸੂਲੁੱਲਾਹ ਸੱਲਲਾਹੁ ਅਲੈਹਿ ਵਸੱਲਮ ਜੰਗੇ ਓਹਦ ਦੇ ਬਾਦ ਮਦੀਨਾ ਪਹੁੰਚੇ ਤਾਂ ਮੁਨਾਫ਼ਕ ਅਤੇ ਯਹੂਦ, ਖ਼ੁਸ਼ੀ ਮਨਾਉਣ ਲੱਗੇ ਅਤੇ ਮੁਸਲਮਾਨਾਂ ਨੂੰ ਬੁਰਾ ਭਲਾ ਕਹਿੰਣ ਲੱਗੇ ਅਤੇ ਕਹਿਣ ਲੱਗੇ ਕਿ ਮੁਹਮੰਦ (ਸੱਲਲਾਹੁ ਅਲੈਹਿ ਵਸੱਲਮ) ਬਾਦਸ਼ਾਹਤ ਦੇ ਇੱਛੁਕ ਹਨ (ਨਊਜ਼-ਬਿੱਲਾਹ) ਅਤੇ ਕਿਸੇ ਨਬੀ ਨੇ ਅੱਜ ਤੱਕ ਇਨ੍ਹਾਂ ਨੁਕਸਾਨ ਨਹੀਂ ਚੁੱਕਿਆ। ਜਿੰਨ੍ਹਾਂ ਉਹਨਾਂ ਨੇ ਚੁੱਕਿਆ ਹੈ। ਆਪ ਵੀ ਜ਼ਖ਼ਮੀ ਹੋਏ ਅਤੇ ਉਹਨਾਂ ਦੇ ਸਹਾਬੀ

ਵੀ ਜ਼ਖ਼ਮੀ ਹੋਏ ਅਤੇ ਕਹਿੰਦੇ ਸਨ ਕਿ ਜੇਕਰ ਤੁਹਾਡੇ ਉਹ ਲੋਕ ਜੋ ਕਤਲ ਹੋਏ। ਸਾਡੇ ਨਾਲ ਰਹਿੰਦੇ ਤਾਂ ਕਦੇ ਕਤਲ ਨ ਹੁੰਦੇ। ਹਜ਼ਰਤ ਉਮਰ ਰਜ਼ੀ ਅੱਲਾਹ ਅੰਨਹੁ ਨੇ ਅਜਿਹੀ ਗੱਲ੍ਹਾਂ ਕਰਨ ਵਾਲੇ ਮੁਨਾਫ਼ਕਾਂ ਦੇ ਕਤਲ ਦੀ ਆਗਿਆ ਮੰਗੀ ਤਾਂ ਨਬੀ ਕਰੀਮ ਸੱਲਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ ਕਿ ਕੀ ਉਹ ਇਸ ਗਵਾਹੀ ਦਾ ਇਕਰਾਰ ਨਹੀਂ ਕਰਦੇ ਕਿ ਰੱਬ ਤੋਂ ਬਿਨਾਂ ਕੋਈ ਪੂਜਣ ਯੋਗ ਨਹੀਂ ਅਤੇ ਮੈਂ ਰੱਬ ਦਾ ਰਸੂਲ ਹਾਂ ? ਕੀ ਇਹ ਕਲਮਾ ਨਹੀਂ ਪੜ੍ਹਦੇ ? ਹਜ਼ਰਤ ਉਮਰ ਰਜ਼ੀ ਅੱਲਾਹ ਅੰਨਹੁ ਨੇ ਕਿਹਾ : ਕਿਉਂ ਨਹੀਂ ! ਕਲਮਾ ਤਾਂ ਪੜ੍ਹਦੇ ਹਨ, ਪਰ ਤਲਵਾਰ ਦੇ ਡਰ ਨਾਲ, ਨਹੀਂ ਤਾਂ ਮੁਨਾਫ਼ਕਾਂ ਵਾਲਿਆਂ ਗੱਲ੍ਹਾਂ ਕਿਉਂ ਕਰਦੇ। ਹੁਣ ਉਹਨਾਂ ਦਾ ਮਾਮਲਾ ਪ੍ਰਕਟ ਹੋ ਗਿਆ ਹੈ ਅਤੇ ਉਹਨਾਂ ਦੇ ਦਿਲ੍ਹ ਦੀ ਗੱਲ੍ਹ ਨਿਕਲ ਗਈ ਹੈ ਅਤੇ ਰੱਬ ਨੇ ਉਹਨਾਂ ਦੀ ਈਰਖਾ ਪ੍ਰਕਟ ਕਰ ਦਿੱਤੀ ਹੈ। ਹੁਣ ਉਹਨਾਂ ਤੋਂ ਬਦਲਾ ਲੈਣਾ ਚਾਹੀਦਾ। ਰਸੂਲੁੱਲਾਹ ਸੱਲਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ ਕਿ ਜਿਸ ਨੇ ਕਲਮਾ ਪੜ੍ਹ ਲਿਆ, ਮੈਨੂੰ ਉਸ ਦੇ ਕਤਲ ਤੋਂ ਰੋਕਿਆ ਗਿਆ ਹੈ।

ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਇਹ ਗੱਲ੍ਹ ਉਹਨਾਂ ਨਾਂ ਦੇ ਉਲਮਾ ਦਾ ਮੂੰਹ ਬੰਦ ਕਰਨ ਲਈ ਕਾਫ਼ੀ ਹਨ, ਜੋ ਅਹਮਦੀਆਂ ਬਾਰੇ, ਇਸ ਦੇ ਬਾਦ ਵੀ ਕਿ ਅਹਮਦੀਆਂ ਵਿੱਚ ਮੁਨਾਫ਼ਕਤ ਨਹੀਂ, ਫ਼ਿਰ ਵੀ ਉਹਨਾਂ ਨੂੰ ਕਾਫ਼ਰ ਕਰਾਰ ਦਿੰਦੇ ਹਨ ਅਤੇ ਕਹਿੰਦੇ ਹਨ ਕਿ ਉਹਨਾਂ ਦੇ ਕਤਲ ਦੀ ਆਗਿਆ ਹੈ। ਇਹਨਾਂ ਨਾਂ ਦੇ ਉਲਮਾ ਨੇ ਇਸਲਾਮ ਨੂੰ ਬਦਨਾਮ ਕੀਤਾ ਹੋਇਆ ਹੈ।

ਓਹਦ ਦੇ ਸ਼ਹੀਦਾਂ ਦੇ ਜਨਾਜ਼ੇ ਸੰਬੰਧੀ ਬੁਖ਼ਾਰੀ ਦੀ ਸਾਖੀ ਹੈ। ਜਿਸ ਤੋਂ ਉਹਨਾਂ ਸ਼ਹੀਦਾਂ ਦੇ ਮੁਕਾਮ ਅਤੇ ਸਥਾਨ ਦਾ ਪਤਾ ਲੱਗਦਾ ਹੈ। ਅਕਬਾ ਬਿਨ ਆਮਰ ਰਜ਼ੀ ਅੱਲਾਹ ਅੰਨਹੁ ਤੋਂ ਸਾਖੀ ਹੈ ਕਿ ਆਂਹਜ਼ੂਰ ਸੱਲਲਾਹੁ ਅਲੈਹਿ ਵਸੱਲਮ ਨੇ 08 ਸਾਲ ਬਾਦ ਓਹਦ ਦੇ ਸ਼ਹੀਦਾਂ ਦੀ ਨਮਾਜ਼ ਜਨਾਜ਼ਾ ਪੜ੍ਹੀ। ਫ਼ਿਰ ਮੈਂਬਰ ਉੱਤੇ ਚੜ੍ਹੇ ਅਤੇ ਫ਼ਰਮਾਇਆ ਕਿ ਮੈਂ ਤੁਹਾਡੇ ਅੱਗੇ ਆਗੂ ਹੋਵਾਂਗਾ ਅਤੇ ਮੈਂ ਤੁਹਾਡੇ ਉੱਤੇ ਗਵਾਹ ਹਾਂ। ਤੁਹਾਨੂੰ ਮਿਲਣ ਦੀ ਥਾਂ ਹੋਜ਼ ਹੈ ਅਤੇ ਮੈਂ ਉਸ ਨੂੰ ਇੱਥੋਂ ਵੇਖ ਰਿਹਾ ਹਾਂ ਅਤੇ ਤੁਹਾਡੇ ਸੰਬੰਧੀ ਮੈਨੂੰ ਇਹ ਡਰ ਨਹੀਂ ਕਿ ਤੁਸੀਂ ਸ਼ਿਰਕ ਕਰਨ ਵਾਲੇ ਹੋ। ਪਰ ਮੈਨੂੰ ਤੁਹਾਡੇ ਸੰਬੰਧੀ ਦੁਨੀਆਂ ਦਾ ਡਰ ਹੈ ਕਿ ਤੁਸੀਂ ਉਸ ਦੀ ਖ਼ਾਤਰ ਇੱਕ ਦੂਜੇ ਦਾ ਮੁਕਾਬਲਾ ਕਰਨ ਲੱਗ ਜਾਣਾ।

ਹਜ਼ਰਤ ਜਾਬਰ ਰਜ਼ੀ ਅੱਲਾਹ ਅੰਨਹੁ ਤੋਂ ਸਾਖੀ ਹੈ ਕਿ ਰਸੂਲੁੱਲਾਹ ਸੱਲਲਾਹੁ ਅਲੈਹਿ ਵਸੱਲਮ ਫ਼ਰਮਾਉਂਦੇ ਸਨ ਕਿ ਜੱਦ ਮੈਨੂੰ ਓਹਦ ਦੇ ਸ਼ਹੀਦ ਯਾਦ ਆਉਂਦੇ ਹਨ ਤਾਂ ਰੱਬ ਦੀ ਕਸਮ ! ਮੈਨੂੰ ਇਹ ਇੱਛਾ ਹੁੰਦੀ ਹੈ ਕਿ ਕਾਸ਼ ਮੈਂ ਵੀ ਆਪਣੇ ਸਾਥੀਆਂ ਨਾਲ ਪਹਾੜ੍ਹ ਦੇ ਦੱਰੇ ਵਿੱਚ ਰਹਿ ਗਿਆ ਹੁੰਦਾ ਅਰਥਾਤ ਉਹਨਾਂ ਦੇ ਨਾਲ ਹੀ ਸ਼ਹੀਦ ਹੋ ਗਿਆ ਹੁੰਦਾ।

ਆਂਹਜ਼ੂਰ ਸੱਲਲਾਹੁ ਅਲੈਹਿ ਵਸੱਲਮ ਨੇ ਓਹਦ ਦੇ ਸ਼ਹੀਦਾਂ ਦੀਆਂ ਕਬਰਾਂ ਦੇ ਦਰਸ਼ਨ ਕੀਤੇ ਅਤੇ ਇਹ ਦੁਆ ਕੀਤੀ ਕਿ ਰੱਬ ! ਬੇਸ਼ੱਕ ਮੈਂ ਤੇਰਾ ਬੰਦਾ ਅਤੇ ਨਬੀ ਇਹ ਗਵਾਹੀ ਦੇਣਾ ਕਿ ਇਹ ਲੋਕ ਸ਼ਹੀਦ ਹਨ। ਜੋ ਉਹਨਾਂ ਦੇ ਦਰਸ਼ਨ ਕਰੇ ਅਤੇ ਕਯਾਮਤ ਦੇ ਦਿਨ ਤੱਕ ਸਲਾਮ ਭੇਜੇ ਤਾਂ ਇਹ ਉਸ ਦਾ ਉੱਤਰ ਦੇਣਗੇ। ਰਸੂਲੁੱਲਾਹ ਸੱਲਲਾਹੁ ਅਲੈਹਿ ਵਸੱਲਮ ਨੇ ਓਹਦ ਦੇ ਸ਼ਹੀਦਾਂ ਲਈ ਫ਼ਰਮਾਇਆ ਕਿ ਇਹ ਉਹ ਲੋਕ ਹਨ। ਜਿੰਨ੍ਹਾਂ ਦਾ ਮੈਂ ਗਵਾਹ ਹਾਂ। ਸਾਖੀ ਵਿੱਚ ਜ਼ਿਕਰ ਹੈ ਕਿ ਰਸੂਲੁੱਲਾਹ ਸੱਲਲਾਹੁ ਅਲੈਹਿ ਵਸੱਲਮ ਹਰ ਸਾਲ ਦੇ ਸ਼ੁਰੂ ਵਿੱਚ ਓਹਦ

ਦੇ ਸ਼ਹੀਦਾ ਦੀਆਂ ਕਬਰਾਂ ਦੇ ਦਰਸ਼ਨ ਕਰਨ ਲਈ ਜਾਂਦੇ ਸਨ । ਸਾਖੀ ਬਿਆਨ ਕਰਨ ਵਾਲੇ ਕਹਿੰਦੇ ਹਨ ਕਿ ਬਾਦ ਵਿੱਚ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੁ ਅਤੇ ਫ਼ਿਰ ਹਜ਼ਰਤ ਉਮਰ ਰਜ਼ੀ ਅੱਲਾਹ ਅੰਨਹੁ ਅਤੇ ਫ਼ਿਰ ਹਜ਼ਰਤ ਉਸਮਾਨ ਰਜ਼ੀ ਅੱਲਾਹ ਅੰਨਹੁ ਵੀ ਉਸੇ ਪ੍ਰਕਾਰ ਉਹਨਾਂ ਕਬਰਾਂ ਉੱਤੇ ਜਾਂਦੇ ਸਨ ।

ਹਜ਼ਰਤ ਬਿਸ਼ਰ ਰਜ਼ੀ ਅੱਲਾਹ ਅੰਨਹੁ ਦੇ ਪਿਤਾ ਓਹਦ ਵਿੱਚ ਸ਼ਹੀਦ ਹੋ ਗਏ ਸਨ । ਉਹ ਆਪਣੇ ਪਿਤਾ ਲਈ ਰੋ ਰਹੇ ਸਨ । ਉਸੇ ਸਮੇਂ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਉੱਥੋਂ ਲੰਘੇ ਅਤੇ ਫ਼ਰਮਾਇਆ ਕਿ ਚੁੱਪ ਹੋ ਜਾਓ ! ਕੀ ਤੁਸੀਂ ਇਸ ਗੱਲ੍ਹ ਉੱਤੇ ਖ਼ੁਸ਼ ਨਹੀਂ ਕਿ ਮੈਂ ਤੁਹਾਡਾ ਪਿਤਾ ਬਣ ਜਾਵਾਂ ਅਤੇ ਆਇਸ਼ਾ ਤੁਹਾਡੀ ਮਾਤਾ । ਬਿਸ਼ਰ ਨੇ ਕਿਹਾ ਕਿਉਂ ਨਹੀਂ ਹੇ ਰਸੂਲੁੱਲਾਹ ਸੱਲਲਾਹੁ ਅਲੈਹਿ ਵਸਲੱਮ ! ਇਸ ਤੋਂ ਵੱਧ ਕੇ ਹੋਰ ਖ਼ੁਸ਼ੀ ਦੀ ਕੀ ਗੱਲ੍ਹ ਹੋਵੇਗੀ । ਫ਼ਿਰ ਨਬੀ ਕਰੀਮ ਸੱਲਲਾਹੁ ਅਲੈਹਿ ਵਸੱਲਮ ਨੇ ਉਹਨਾਂ ਦੇ ਸਿਰ ਉੱਤੇ ਹੱਥ ਰੱਖਿਆ । ਜੱਦ ਹਜ਼ਰਤ ਬਿਸ਼ਰ ਰਜ਼ੀ ਅੱਲਾਹ ਅੰਨਹੁ ਬੁੱਢੇ ਹੋ ਗਏ ਤਾਂ ਸਾਰਾ ਸਿਰ ਚਿੱਟਾ ਹੋ ਗਿਆ । ਪਰ ਉਹ ਹਿੱਸਾ ਜਿੱਥੇ ਨਬੀ ਕਰੀਮ ਸੱਲਲਾਹੁ ਅਲੈਹਿ ਵਸੱਲਮ ਨੇ ਹੱਥ ਰੱਖਿਆ ਸੀ । ਉਹ ਹਿੱਸਾ ਕਾਲਾ ਸੀ । ਹਜ਼ਰਤ ਬਿਸ਼ਰ ਰਜ਼ੀ ਅੱਲਾਹ ਅੰਨਹੁ ਦੀ ਜ਼ੁਬਾਨ ਵਿੱਚ ਲੁਕਨਤ ਸੀ । ਨਬੀ ਕਰੀਮ ਸੱਲਲਾਹੁ ਅਲੈਹਿ ਵਸੱਲਮ ਨੇ ਦਮ ਕੀਤਾ ਤਾਂ ਲੁਕਨਤ ਜਾਂਦੀ ਰਹੀ ।

ਇਹ ਜ਼ਿਕਰ ਅੱਗੇ ਜਾਰੀ ਰਹਿਣ ਬਾਰੇ ਇਰਸ਼ਾਦ ਫ਼ਰਮਾਉਣ ਦੇ ਬਾਦ ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਮਿਡਲ ਈਸਟ ਅਤੇ ਸੰਸਾਰ ਦੇ ਹਾਲਾਤਾਂ ਲਈ ਵੀ ਦੁਆਵਾਂ ਜਾਰੀ ਰੱਖੋ । ਹਾਲਾਤ ਬੁਰੇ ਤੋਂ ਬੁਰੇ ਹੁੰਦੇ ਚਲੇ ਜਾ ਰਹੇ ਹਨ । ਡਰ ਹੈ ਕਿ ਈਰਾਨ ਉੱਤੇ ਵੀ ਹਮਲਾ ਹੋਵੇ ਅਤੇ ਫ਼ਿਰ ਜੰਗ ਹੋਰ ਫ਼ੈਲੇ । ਰੱਬ ਰਹਿਮ ਕਰੇ । ਕੱਲ੍ਹ ਹੀ ਇਹ ਖ਼ਬਰ ਆਈ ਹੈ ਕਿ ਯਮਨ ਵਿੱਚ ਕੁੱਝ ਕੈਦੀ ਆਜ਼ਾਦ ਹੋਏ ਹਨ । ਬਾਕੀ ਜੋ ਰਹਿ ਗਏ ਹਨ । ਉਹਨਾਂ ਦੇ ਆਜ਼ਾਦ ਹੋਣ ਲਈ ਵੀ ਦੁਆ ਕਰੋ । ਰੱਬ ਹਾਕਮਾਂ ਦੇ ਦਿਲ੍ਹ ਉਹਨਾਂ ਵੱਲੋਂ ਸਾਫ਼ ਕਰੇ । ਖ਼ਾਸ ਤੌਰ ਉੱਤੇ ਇੱਕ ਔਰਤ ਹੈ, ਸਦਰ ਲਜਨਾ ਜੋ ਕੈਦੀ ਹੈ । ਉਹਨਾਂ ਦੀ ਜਲਦ ਆਜ਼ਾਦੀ ਦੇ ਰੱਬ ਸਮਾਨ ਕਰੇ ।

ਖ਼ੁਤਬੇ ਦੇ ਦੂਜੇ ਹਿੱਸੇ ਵਿੱਚ ਹਜ਼ੂਰੇ ਅਨਵਰ ਨੇ ਹੇਠ ਲਿੱਖੇ ਦੋ ਸਵਰਵਾਸੀਆਂ ਦੇ ਗੁਣਾਂ ਦਾ ਜ਼ਿਕਰ ਕੀਤਾ ਅਤੇ ਉਹਨਾਂ ਦੀ ਨਮਾਜ਼ ਜਨਾਜ਼ਾ ਗਾਇਬ ਪੜ੍ਹਾਉਣ ਦਾ ਐਲਾਨ ਕੀਤਾ । ਹਜ਼ੂਰੇ ਅਨਵਰ ਨੇ ਸਵਰਵਾਸੀਆਂ ਦੇ ਬਖ਼ਸ਼ਿਸ਼ ਅਤੇ ਦਰਜਾਤ ਬੁਲੰਦ ਹੋਣ ਲਈ ਦੁਆ ਵੀ ਕੀਤੀ ।

01 ਸ੍ਰੀਮਾਨ ਮੁਸਤਫ਼ਾ ਅਹਮਦ ਖ਼ਾਨ ਸਾਹਿਬ ਪੁੱਤਰ ਹਜ਼ਰਤ ਨਵਾਬ ਅਬਦੁੱਲਾਹ ਖ਼ਾਨ ਸਾਹਿਬ ਰਜ਼ੀ ਅੱਲਾਹ ਅੰਨਹੁ ਅਤੇ ਹਜ਼ਰਤ ਨਵਾਬ ਅਮਤੁੱਲ ਹਫ਼ੀਜ਼ ਬੈਗ਼ਮ ਸਾਹਿਬਾ ਰਜ਼ੀ ਅੱਲਾਹ ਅੰਨਹਾ । ਆਪ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਸਭ ਤੋਂ ਛੋਟੇ ਦੋਹਤਰੇ ਸਨ ।

02 ਸ੍ਰੀਮਾਨ ਡਾਕਟਰ ਮੀਰ ਦਾਊਦ ਅਹਮਦ ਸਾਹਿਬ ਆਫ਼ ਅਮਰੀਕਾ

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّآ اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ رَحِمَکُمُ اللّٰہُ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔